ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਐਨ.ਜੀ.ਓ.ਸ਼ਾਖਾ)

ਸੇਵਾ ਵਿਖੇ

1) ਵਧੀਕ ਮੁੱਖ ਸਕੱਤਰ, ਪਸ਼ੂ ਪਾਲਣ, ਡੇਅਰੀ ਵਿਕਾਸ
ਅਤੇ ਮੱਛੀ ਪਾਲਣ ਵਿਭਾਗ, ਪੰਜਾਬ।
2) ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ।
3) ਪ੍ਰਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ।
4) ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਵਿਭਾਗ, ਪੰਜਾਬ।
5) ਸਕੱਤਰ, ਸਮਾਜਿਕ ਸੁਰੱਖਿਆ ਅਤੇ
ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ।
6) ਸਕੱਤਰ, ਅਨੁਸੂਚਿਤ ਜਾਤੀਆਂ ਅਤੇ
ਪੱਛੜੀਆਂ ਸ੍ਰੇਣੀਆਂ ਭਲਾਈ, ਵਿਭਾਗ, ਪੰਜਾਬ।
7) ਸਕੱਤਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ।
8) ਡਾਇਰੈਕਟਰ ਜਨਰਲ, ਕਾਊਂਸਲ ਫਾਰ ਅਡਵਾਂਸਮੇਂਟ
ਆਫ ਪੀਪਲਜ਼ ਐਕਸ਼ਨ ਐਂਡ ਰੂਰਲ ਟੈਕਨਾਲੋਜੀ(ਕਪਾਰਟ),
ਨਵੀਂ ਦਿੱਲੀ।

ਮੀਮੋ ਨੰ:ਪੀ.ਐਮ.-6/ਪਸਪਬ-ਯੋ.ਅ.(ਐਨ.ਜੀ.ਓ)-2016/3146-3153
ਮਿਤੀ:16/6/2016 ਚੰਡੀਗੜ੍ਹ

ਵਿਸ਼ਾ:- **ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 06/06/2016 ਨੂੰ Apex Committee on NGOs ਦੀ ਮੀਟਿੰਗ ਦੀ ਕਾਰਵਾਈ ਰਿਪੋਰਟ।**

***

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

ਮਾਨਯੋਗ ਮੁੱਖ ਸੱਕਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 06/06/2016 ਨੂੰ ਸ਼ਾਮ 3.00 ਵਜੇ Apex Committee on NGOs ਦੀ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟ ਨਾਲ ਨੱਥੀ ਕੀਤੀ ਜਾਂਦੀ ਹੈ। ਇਸ ਸਬੰਧੀ ਬੇਨਤੀ ਹੈ ਕਿ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਤੇ Action Taken Report(s) ਇੱਕ ਮਹੀਨੇ ਦੇ ਅੰਦਰ ਯੋਜਨਾਬੰਦੀ ਵਿਭਾਗ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਡਾਇਰੈਕਟਰ ਪਲਾਨਿੰਗ

ਪਿ.ਅੰ.ਨੰ:ਪੀ.ਐਮ-6/ਪਸਪਬ-ਯੋ.ਅ.(ਐਨ.ਜੀ.ਓ)-2016/3154 ਮਿਤੀ: 16/06/2016

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ਨੂੰ ਲੋੜੀਂਦੀ ਸੂਚਨਾ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ ਪਲਾਨਿੰਗ

ਪਿ.ਅੰ.ਨੰ:ਪੀ.ਐਮ-6/ਪਸਪਬ-ਯੋ.ਅ.(ਐਨ.ਜੀ.ਓ)-2016/3155-3157 ਮਿਤੀ: 16/06/2016

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਲੋੜੀਂਦੀ ਸੂਚਨਾ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) **Chairman, SOSVA(North), Sector 11, Chandigarh;**
2) **Economic Advisor,**
**Economic & Statistical Organisation, Punjab(CHD);**

3) Deputy Director General & State Informatics Officer, NIC, Punjab;

ਡਾਇਰੈਕਟਰ ਪਲਾਨਿੰਗ

ਪਿ.ਅੰ.ਨੰ:ਪੀ.ਐਮ-6/ਪਸਪਬ-ਪੋ.ਅ.(ਐਨ.ਜੀ.ਓ)-2016/3158 ਮਿਤੀ: 16/06/2016

ਇਸ ਦਾ ਇਕ ਉਤਾਰਾ ਡਾਇਰੈਕਟਰ, ਉਦਯੋਗ, ਪੰਜਾਬ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਮੂਹ ਜਿਲ੍ਹਾ ਉਦਯੋਗ ਕੇਂਦਰਾਂ ਦੇ ਮੁੱਖੀਆਂ ਨੂੰ ਹੋਰ ਗੈਰ ਸਰਕਾਰੀ ਸੰਸਥਾਵਾਂ ਨੂੰ ਰਜਿਸਟਰ ਕਰਨ ਸਬੰਧੀ ਹਦਾਇਤ ਕਰਨ ਦੀ ਖੇਚਲ ਕਰਨ ਜੀ।

ਡਾਇਰੈਕਟਰ ਪਲਾਨਿੰਗ

ਪਿ.ਅੰ.ਨੰ:ਪੀ.ਐਮ-6/ਪਸਪਬ-ਪੋ.ਅ.(ਐਨ.ਜੀ.ਓ)-2016/3159 ਮਿਤੀ: 16/06/2016

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰਾਂ ਨੂੰ ਲੋੜੀਂਦੀ ਸੂਚਨਾ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਕਿਉਂਕਿ ਫੈਸਲਾ ਹੋਇਆ ਹੈ ਕਿ ਗੈਰ ਸਰਕਾਰੀ ਸੰਸਥਾਵਾਂ ਦੀ ਭਾਗੀਦਾਰੀ ਨੂੰ ਹੋਰ ਵਧਾਇਆ ਜਾਣਾ ਹੈ, ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਗੈਰ ਸਰਕਾਰੀ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਹਿੱਤ ਜਿਲ੍ਹਾ ਉਦਯੋਗ ਕੇਂਦਰਾਂ ਦੇ ਨਾਲ ਤਾਲਮੇਲ ਕੀਤਾ ਜਾਵੇ ਤਾਂ ਜੋ ਇਸ ਸਬੰਧੀ ਲਗਾਏ ਜਾਣ ਵਾਲੇ ਵਿਸ਼ੇਸ਼ ਕੈਂਪ ਦੌਰਾਨ ਵੱਧ ਤੋਂ ਵੱਧ ਗੈਰ ਸਰਕਾਰੀ ਸੰਸਥਾਵਾਂ ਨੂੰ ਰਜਿਸਟਰ ਕੀਤਾ ਜਾ ਸਕੇ।

ਡਾਇਰੈਕਟਰ ਪਲਾਨਿੰਗ

ਪਿ.ਅੰ.ਨੰ:ਪੀ.ਐਮ-6/ਪਸਪਬ-ਪੋ.ਅ.(ਐਨ.ਜੀ.ਓ)-2016/3160 ਮਿਤੀ: 16/06/2016

ਇਸ ਦਾ ਇੱਕ ਉਤਾਰਾ ਸਕੱਤਰ/ਮੁੱਖ ਸਕੱਤਰ, ਪੰਜਾਬ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ ਪਲਾਨਿੰਗ

ਕਾਪੀ ਵੱਲ

PS/PSP

**ਵਿਸ਼ਾ:-** ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 06-06-2016 ਨੂੰ Apex Committee on NGOs ਦੀ ਮੀਟਿੰਗ ਦੀ ਕਾਰਵਾਈ।

***

ਅੱਜ ਮਿਤੀ 06-06-2016 ਨੂੰ ਸ਼ਾਮ 3.00 ਵਜੇ Apex Committee on NGOs ਦੀ ਮੀਟਿੰਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ।

ਇਸ ਮੀਟਿੰਗ ਵਿੱਚ ਭਾਗ ਲੈਣ ਵਾਲੇ ਅਫ਼ਸਰ ਸਾਹਿਬਾਨਾਂ ਦੀ ਸੂਚੀ ਨਾਲ ਨੱਥੀ ਹੈ।

**ਏਜੰਡਾ ਆਈਟਮ 1:** ਅਪੈਕਸ ਕਮੇਟੀ ਦੀ ਪਿਛਲੀ ਮਿਤੀ 29/9/2015 ਨੂੰ ਹੋਈ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਪ੍ਰਮੁੱਖ ਸਕੱਤਰ ਯੋਜਨਾ ਜੀ ਵੱਲੋਂ ਮੀਟਿੰਗ ਵਿੱਚ ਹਾਜਰ ਹੋਏ ਮੈਂਬਰ ਸਾਹਿਬਾਨ ਅਤੇ ਅਫ਼ਸਰ ਸਾਹਿਬਾਨਾਂ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਦੀ ਸ਼ੁਰੂਆਤ ਕੀਤੀ। ਪ੍ਰਮੁੱਖ ਸਕੱਤਰ ਯੋਜਨਾ ਜੀ ਵੱਲੋਂ ਮੁੱਖ ਸਕੱਤਰ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਕਿਸੇ ਵੀ ਮੈਂਬਰ ਸਾਹਿਬਾਨ ਵੱਲੋਂ ਇਸ ਆਈਟਮ ਤੇ ਕੋਈ ਟੀਕਾ ਟਿੱਪਣੀ ਪ੍ਰਾਪਤ ਨਹੀਂ ਹੋਈ। ਇਸ ਏਜੰਡਾ ਆਈਟਮ ਦੀ ਪੁਸ਼ਟੀ ਕਰ ਦਿੱਤੀ ਗਈ।

**ਏਜੰਡਾ ਆਈਟਮ 2:** ਗੈਰ ਸਰਕਾਰੀ ਸੰਸਥਾਵਾਂ ਨੂੰ ਸਹਾਇਤਾ ਮੁਹੱਈਆ ਕਰਨ ਲਈ ਗਠਿਤ ਕੀਤੀ ਗਈ ਅਪੈਕਸ ਕਮੇਟੀ ਦੀ ਮਿਤੀ 29-09-2015 ਨੂੰ ਹੋਈ ਪਲਾਨ ਸਕੀਮ ਪੀ.ਐਮ-06 'ਅਸਿਸਟੈਂਸ ਟੂ ਐਨ.ਜੀ.ਓਜ਼' ਦੀ ਰੀਵਿਊ ਮੀਟਿੰਗ - ਐਕਸ਼ਨ ਟੇਕਨ ਰਿਪੋਰਟ।

ਮੁੱਖ ਸਕੱਤਰ ਜੀ ਵੱਲੋਂ ਇਸ ਏਜੰਡਾ ਆਈਟਮ ਦੇ 'ੲ' ਤੇ ਦਰਜ ਕਾਰਵਾਈ ਤੇ Action Taken Points ਨੂੰ ਬੜੀ ਗੰਭੀਰਤਾ ਨਾਲ ਲਿਆ ਗਿਆ। ਮੁੱਖ ਸਕੱਤਰ ਜੀ ਵੱਲੋਂ ਇਸ ਦੇ ਸਬੰਧ ਵਿੱਚ ਪਟਿਆਲਾ, ਅੰਮ੍ਰਿਤਸਰ, ਬਠਿੰਡਾ, ਬਟਾਲਾ, ਜਲੰਧਰ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਲੁਧਿਆਣਾ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਨਾਲ ਵੀਡੀਓ ਕਾਨਫਰੰਸ ਰਾਹੀ ਡਿਟੇਲਡ ਸੂਚਨਾ ਜਾਨਣ ਉਪਰੰਤ ਇੰਨ੍ਹਾਂ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਨੂੰ ਵਿਸ਼ੇਸ਼ ਤੌਰ ਤੇ ਅਤੇ ਬਾਕੀ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਨੂੰ ਹਦਾਇਤ ਕੀਤੀ ਕਿ ਉਹ Slum Areas ਵਿੱਚ ਜੋ ਡਿਸਪੈਂਸਰੀਜ਼, ਕਾਰਪੋਰੇਸ਼ਨਜ/ਮਿਊਂਸਪਲ ਕਾਰਪੋਰੇਸ਼ਨਜ਼ ਦੇ ਅਧੀਨ ਆਉਂਦੀਆਂ ਹਨ, ਉਨ੍ਹਾਂ ਨੂੰ ਮੁੜ ਸੁਰਜੀਤ ਕਰਨ ਲਈ ਐਨ.ਜੀ.ਓਜ਼. ਨੂੰ ਇਸ ਕੰਮ ਵਿੱਚ ਅੱਗੇ ਲਿਆਂਦਾ ਜਾਵੇ ਤਾਂ ਜੋ ਇਹ ਸੰਸਥਾਵਾਂ, ਗਰੀਬ ਵਰਗ ਦੇ ਲੋਕਾਂ ਨੂੰ, ਜਿੰਨ੍ਹਾਂ ਦੀ ਪਹੁੰਚ ਤੋਂ ਇਲਾਜ਼ ਦੂਰ ਹੋ ਚੁੱਕਾ ਹੈ, ਨੂੰ ਬਣਦੀਆਂ ਸੇਵਾਵਾਂ ਪ੍ਰਦਾਨ ਕਰਨ ਯੋਗ ਹੋ ਸਕਣ।

ਇਸ ਸਬੰਧ ਵਿੱਚ ਇਹ ਹਦਾਇਤ ਵੀ ਕੀਤੀ ਗਈ ਕਿ ਇੰਨ੍ਹਾਂ ਡਿਸਪੈਂਸਰੀਜ਼ ਦੀ revitlisation ਲਈ ਇਕ Mother NGO/Umbrella NGO ਦੀ ਰਚਨਾ ਕਰ ਲਈ ਜਾਵੇ। ਇਹ ਫੈਸਲਾ ਹੋਇਆ ਕਿ ਸਬੰਧਤ ਡਿਪਟੀ ਕਮਿਸ਼ਨਰਜ਼, ਐਨ.ਜੀ.ਓਜ਼. ਨਾਲ ਤਾਲਮੇਲ ਕਰਕੇ ਪ੍ਰਤੀ ਡਿਸਪੈਂਸਰੀ ਲਾਗਤ ਅਨੁਮਾਨਾਂ ਦਾ ਵੇਰਵਾ ਯੋਜਨਾਬੰਦੀ ਵਿਭਾਗ ਨੂੰ ਮੁਹੱਈਆ ਕਰਵਾਉਣਗੇ। ਇਸ Slum Areas ਦੀਆਂ Dispensaries ਲਈ ਇਸ ਸਕੀਮ ਤਹਿਤ ਵੱਧ ਤੋਂ ਵੱਧ 5.00 ਲੱਖ ਰੁਪਏ ਦੀ ਰਾਸ਼ੀ ਪ੍ਰਤੀ ਡਿਸਪੈਂਸਰੀ ਮੁਹੱਈਆ ਕਰਵਾਉਣ ਦਾ ਫੈਸਲਾ ਵੀ ਹੋਇਆ।

ਰਾਜ ਦੇ ਸਮਾਜਿਕ ਵਿਕਾਸ ਵਿੱਚ ਐਨ.ਜੀ.ਓਜ਼. ਵੱਲੋਂ ਨਿਭਾਏ ਜਾ ਰਹੇ ਅਹਿਮ ਰੋਲ ਨੂੰ ਪਹਿਚਾਣਦਾ ਦਿੰਦੇ ਹੋਏ ਮੁੱਖ ਸਕੱਤਰ ਜੀ ਵੱਲੋਂ ਇਹ ਆਦੇਸ਼ ਦਿੱਤਾ ਗਿਆ ਕਿ ਘੱਟੋ-ਘੱਟ 1000 ਦੇ ਕਰੀਬ

ਹੋਰ ਐਨ.ਜੀ.ਓਜ਼. ਦੀ ਸ਼ਨਾਖਤ ਕੀਤੀ ਜਾਵੇ। ਇਹ ਵੀ ਆਦੇਸ਼ ਦਿੱਤਾ ਗਿਆ ਕਿ ਜਿਲ੍ਹਾ ਪੱਧਰ ਤੇ ਵਿਸ਼ੇਸ਼ ਕੈਂਪ ਲਗਾਕੇ ਇੰਨ੍ਹਾਂ ਨੂੰ ਰਜਿਸਟਰ ਕੀਤਾ ਜਾਵੇ। ਇਸ ਕੰਮ ਵੱਲ ਉਚੇਚੇ ਤੌਰ ਤੇ ਵਿਸ਼ੇਸ਼ ਉਦਮ ਕੀਤਾ ਜਾਵੇ ਅਤੇ ਇਹ ਕੰਮ ਇਕ ਮਹੀਨੇ ਦੇ ਸਮੇਂ ਅੰਦਰ ਨੇਪਰੇ ਚਾੜਿਆ ਜਾਵੇ। ਇਹ ਵੀ ਹਦਾਇਤ ਕੀਤੀ ਗਈ ਕਿ ਜਿਲ੍ਹਾ ਪੱਧਰ ਤੇ ਗੈਰ ਸਰਕਾਰੀ ਸੰਸਥਾਵਾਂ ਲਈ ਟ੍ਰੇਨਿੰਗ ਆਯੋਜਿਤ ਕੀਤੀ ਜਾਵੇਗੀ ਅਤੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮ ਦੀ evaluation ਵੀ ਕੀਤੀ ਜਾਵੇ। ਇਸ ਏਜੰਡਾ ਆਈਟਮ ਦੇ ਬਾਕੀ Action Taken Points ਤੇ ਹੇਠ ਲਿਖੇ ਫੈਸਲੇ ਲਏ ਗਏ:-

ੳ) **Development of Single Window System for online submission of applications by NGOs**

NIC ਨੂੰ ਹਦਾਇਤ ਕੀਤੀ ਗਈ ਕਿ ਇਹ ਕੰਮ ਤਿੰਨ ਮਹੀਨੇ ਦੇ ਅੰਦਰ ਪੂਰਾ ਕੀਤਾ ਜਾਵੇ।

ਅ) **Holding of Workshop on Capacity Building of NGOs**

ਇਸ ਸਬੰਧ ਵਿੱਚ ਫੈਸਲਾ ਹੋਇਆ ਕਿ ਇਕ ਵਰਕਸ਼ਾਪ ਹੋਰ ਕੀਤੀ ਜਾਵੇ ਅਤੇ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ ਸਬੰਧਤ ਵਿਭਾਗ ਇਹ ਯਕੀਨੀ ਬਣਾਉਣਗੇ ਕਿ ਇਸ ਵਰਕਸ਼ਾਪ ਵਿੱਚ ਉਨ੍ਹਾਂ ਨੁਮਾਇੰਦਿਆਂ ਨੂੰ ਹੀ ਬੁਲਾਇਆ ਜਾਵੇ ਜਿੰਨ੍ਹਾਂ ਨੇ ਪਹਿਲਾਂ ਵਾਲੀ ਵਰਕਸ਼ਾਪ ਵਿੱਚ ਹਿੱਸਾ ਨਾਂ ਲਿਆ ਹੋਵੇ।

ਸ) .To take action for converstion of Parent Teachers Association into NGOs for welfare of the society

ਪ੍ਰਮੁੱਖ ਸਕੱਤਰ, ਸਿੱਖਿਆ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਦਾ ਵਿਭਾਗ ਇਸ ਦਿਸ਼ਾ ਵੱਲ ਪਹਿਲਾਂ ਹੀ ਅਸਰਦਾਇਕ ਕੰਮ ਕਰ ਰਿਹਾ ਹੈ ਅਤੇ ਛੇਤੀ ਹੀ ਇਸ ਸਬੰਧੀ ਲਿਸਟਾਂ ਯੋਜਨਾਬੰਦੀ ਵਿਭਾਗ ਨੂੰ ਮੁਹੱਈਆ ਕਰਵਾ ਦੇਣਗੇ। ਇਸ ਸਬੰਧੀ ਹਦਾਇਤ ਹੋਈ ਕਿ 10 ਦਿਨਾਂ ਦੇ ਅੰਦਰ-2 ਯੋਜਨਾਬੰਦੀ ਵਿਭਾਗ ਨੂੰ ਲਿਸਟਾਂ ਦਿੱਤੀਆਂ ਜਾਣ।

ਕ) .**To take initiative to connect NGOs with 13 Dr. Ambedkar Bhawans for holding various social functions/activities**

ਸਬੰਧਤ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਨੂੰ ਹਦਾਇਤ ਕੀਤੀ ਗਈ ਕਿ ਘੱਟੋ-ਘੱਟ 2-3 ਐਨ.ਜੀ.ਓਜ਼. ਨੂੰ ਡਾ: ਅੰਬੇਦਕਰ ਭਵਨ ਨਾਲ ਜੋੜਨ ਹਿੱਤ various social functions/activities ਕਰਨ ਲਈ ਉਤਸਾਹਿਤ ਕੀਤਾ ਜਾਵੇ।

ਜ) Mobilisation of Resources for NGO under Corporate Social Responsibility

ਇਸ ਸਬੰਧੀ ਫੈਸਲਾ ਹੋਇਆ ਕਿ ਕਾਰਪੋਰੇਟ ਸੈਕਟਰ/ਅਦਾਰਿਆਂ ਨਾਲ ਤਾਲਮੇਲ ਕਰਕੇ ਇਕ ਕਾਰਪਸ ਫੰਡ ਤਿਆਰ ਕੀਤਾ ਜਾਵੇ। ਇਹ ਕਾਰਪਸ ਫੰਡ ਨੂੰ create/modalities ਤਿਆਰ ਕਰਨ ਲਈ ਮਾਨਯੋਗ ਮੁੱਖ ਮੰਤਰੀ/ਵਿੱਤ ਮੰਤਰੀ/ਮੁੱਖ ਸਕੱਤਰ ਜੀ ਦੇ ਪੱਧਰ ਤੇ ਕਮੇਟੀਆਂ ਬਣਾਉਣ ਸਬੰਧੀ ਬਣਤਰ ਕੀਤੀ ਜਾਵੇ।
ਇਹ ਵੀ ਫੈਸਲਾ ਹੋਇਆ ਕਿ ਜਿੰਨ੍ਹਾਂ ਐਕਸ਼ਨ ਪੁਆਇੰਟਾਂ ਤੇ ਕਾਰਵਾਈ ਅਜੇ ਤੱਕ ਨਹੀਂ ਹੋਈ, ਉਸ ਸਬੰਧੀ ਇਕ ਮਹੀਨੇ ਦੇ ਅੰਦਰ-2 ਕਾਰਵਾਈ ਕੀਤੀ ਜਾਵੇ।

ਮੁੱਖ ਸਕੱਤਰ,
ਪੰਜਾਬ ਸਰਕਾਰ।

**ਏਜੰਡਾ ਆਈਟਮ 3:ਸਾਲ 2016-17 ਦੌਰਾਨ ਵਿਭਾਗ-ਵਾਰ ਫੰਡਾਂ ਦੀ ਐਲੋਕੇਸ਼ਨ ਸਬੰਧੀ ਤਜਵੀਜ਼।**

ਕਮੇਟੀ ਵੱਲੋਂ ਇਸ ਆਈਟਮ ਤੇ ਵਿਸਥਾਰ ਪੂਰਵਕ ਵਿਚਾਰ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਸਲੱਮ ਏਰੀਆ ਡਿਸਪੈਂਸਰੀਜ਼ ਦਾ ਵਿਕਾਸ ਅਤੇ ਗੈਰ ਸਰਕਾਰੀ ਸੰਸਥਾਵਾਂ ਦੀ ਟ੍ਰੇਨਿੰਗ/evaluation ਦੀਆਂ ਤਜਵੀਜ਼ਾਂ ਲਈ ਵੱਖਰੇ ਤੌਰ ਤੇ ਰਾਸ਼ੀ ਈਅਰਮਾਰਕ ਕੀਤੀ ਜਾਣੀ ਚਾਹੀਦੀ ਹੈ। ਇਹ ਵੀ ਫੈਸਲਾ ਲਿਆ ਗਿਆ ਕਿ ਐਨ.ਜੀ.ਓ. ਦੀ ਸਕੀਮ ਅਧੀਨ ਟ੍ਰੇਨਿੰਗ/evaluation ਦੇ ਕੰਪੋਨੈਂਟ ਲਈ

ਇਸ ਸਕੀਮ ਅਧੀਨ ਰੱਖੀ ਕੁੱਲ ਰਾਸ਼ੀ ਦਾ ਘੱਟੋ-ਘੱਟ 2 ਪ੍ਰਤੀਸ਼ਤ ਇਸ ਮੰਤਵ ਲਈ ਰਾਖਵਾਂ ਰੱਖਿਆ ਜਾਵੇ। ਸਾਲ 2016-17 ਦੀਆਂ ਤਜਵੀਜ਼ਾਂ ਨੂੰ ਵਿਚਾਰਨ ਉਪਰੰਤ ਹੇਠ ਮੁਤਾਬਕ ਪ੍ਰਵਾਨਗੀ ਦਿੱਤੀ ਗਈ:-

(ਰੁਪਏ ਲੱਖਾਂ ਵਿੱਚ)

| ਲੜੀ ਨੰ: | ਵਿਭਾਗ ਦਾ ਨਾਮ | ਸਾਲਾਨਾ ਯੋਜਨਾ 2016-17 | | |
|---|---|---|---|---|
| | | ਪ੍ਰਬੰਧਕੀ ਵਿਭਾਗ ਵੱਲੋਂ ਤਜਵੀਜ਼ਤ ਰਾਸ਼ੀ | ਅਪੈਕਸ ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਰਾਸ਼ੀ | ਅਪੈਕਸ ਕਮੇਟੀ ਵੱਲੋਂ ਸਿਫਾਰਸ਼ ਕੀਤਾ ਗਿਆ ਮਦਰ ਐਨ.ਜੀ.ਓਜ਼ ਦਾ ਹਿੱਸਾ (ਕਾਲਮ 4 ਵਿੱਚੋਂ) |
| 1 | 2 | 3 | 4 | 5 |
| 1. | ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ | 94.00 | 92.50 | 92.50 |
| 2. | ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ | 416.00 | 416.00 | 208.00 |
| 3. | ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਵਿਭਾਗ | 50.00 | 50.00 | 0.00 |
| 4. | ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ | 200.05 | 100.00 | 0.00 |
| 5. | ਸਿੱਖਿਆ ਵਿਭਾਗ | 16.50 | 16.50 | 16.50 |
| 6. | ਪਸ਼ੂਪਾਲਣ ਵਿਭਾਗ, ਪੰਜਾਬ | 125.00 | 125.00 | 0.00 |
| 7. | ਸਲੱਮ ਏਰੀਆ ਡਿਸਪੈਂਸਰੀਜ਼ | 0.00 | 100.00 | 0.00 |
| 8. | ਗੈਰ ਸਰਕਾਰੀ ਸੰਸਥਾਵਾਂ ਦੀ ਟ੍ਰੇਨਿੰਗ/evaluation ਲਈ | 0.00 | 20.00 | 0.00 |
| 9. | ਵੈਬ ਪੋਰਟਲ ਫਾਰ ਐਨ.ਜੀ.ਓਜ਼. | 0.00 | 80.00 | 0.00 |
| | **ਕੁੱਲ ਜੋੜ:** | **902.05** | **1000.00** | **317.00** |

**ਏਜੰਡਾ ਆਈਟਮ 4: ਸਾਲ 2015-16 ਦੌਰਾਨ ਪੀ.ਐਮ.06- 'ਗੈਰ-ਸਰਕਾਰੀ ਸੰਸਥਾਵਾਂ ਨੂੰ ਸਹਾਇਤਾ' ਅਧੀਨ ਵਿਭਾਗ-ਵਾਰ ਜਾਰੀ ਫੰਡਾਂ ਦੀ ਸਮੀਖਿਆ।**

ਸਾਲ 2015-16 ਦੌਰਾਨ ਪੀ.ਐਮ.06- 'ਗੈਰ-ਸਰਕਾਰੀ ਸੰਸਥਾਵਾਂ ਨੂੰ ਸਹਾਇਤਾ' ਅਧੀਨ ਵਿਭਾਗ-ਵਾਰ ਜਾਰੀ ਫੰਡਾਂ ਦੀ ਸਮੀਖਿਆ ਕੀਤੀ ਗਈ। ਇਸ ਸਬੰਧੀ ਹਦਾਇਤ ਕੀਤੀ ਗਈ ਕਿ ਸਬੰਧਤ ਵਿਭਾਗ ਇਕ ਮਹੀਨੇ ਦੇ ਅੰਦਰ-2 ਵਰਤੋਂ ਸਰਟੀਫਿਕੇਟ ਯੋਜਨਾਬੰਦੀ ਵਿਭਾਗ ਨੂੰ ਮੁਹੱਈਆ ਕਰਵਾਉਣ।

ਮੁੱਖ ਸਕੱਤਰ ਜੀ ਨੇ ਚਾਹਿਆ ਹੈ ਕਿ ਉਪਰੋਕਤ ਸਾਰੀਆਂ ਮੱਦਾਂ ਦਾ ਰਵੀਊ ਇਕ ਮਹੀਨੇ ਬਾਅਦ ਇਸ ਕਮੇਟੀ ਵੱਲੋਂ ਦੁਬਾਰਾ ਕੀਤਾ ਜਾਵੇਗਾ।

ਮੀਟਿੰਗ ਚੇਅਰਮੈਨ ਸਾਹਿਬ ਜੀ ਦੇ ਧੰਨਵਾਦ ਸਹਿਤ ਸਮਾਪਤ ਹੋਈ।

ਮੁੱਖ ਸਕੱਤਰ,
ਪੰਜਾਬ ਸਰਕਾਰ।

........

ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 06/06/2016 ਨੂੰ Apex Committee on NGOs ਵਿੱਚ ਹਾਜ਼ਰ ਹੋਏ ਅਫ਼ਸਰ ਸਾਹਿਬਾਨ ਦੀ ਲਿਸਟ।

***

| ਲੜੀ ਨੰ: | ਨਾਮ | ਅਹੁਦਾ ਅਤੇ ਵਿਭਾਗ |
|---|---|---|
| 1 | ਸ੍ਰੀ ਸਰਵੇਸ਼ ਕੌਸ਼ਲ | **In-Chair** |
| 2 | ਸ੍ਰੀ ਏ.ਕੇ ਕੁੰਦਰਾ<br>ਚੇਅਰਮੈਨ, ਸੋਸਵਾ | Society for Service to Voluntary Agencies |
| 3 | ਸ੍ਰੀ ਜੀ.ਵਜਰਾਲਿੰਗਮ, ਆਈ.ਏ.ਐਸ. | ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ |
| 4 | ਸ੍ਰੀ ਅਨੁਰਾਗ ਅਗਰਵਾਲ | ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ |
| 5 | ਸ੍ਰੀ ਐਸ.ਆਰ.ਲੱਧੜ, ਆਈ.ਏ.ਐਸ | ਪ੍ਰਮੁੱਖ ਸਕੱਤਰ ਯੋਜਨਾਬੰਦੀ ਵਿਭਾਗ |
| 6 | ਸ੍ਰੀ ਹੁਸਨ ਲਾਲ, ਆਈ.ਏ.ਐਸ | ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ |
| 7 | ਸ੍ਰੀ ਦਪਿੰਦਰ ਸਿੰਘ, ਆਈ.ਏ.ਐਸ | ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ |
| 8 | ਸ੍ਰੀ ਦਿਪ੍ਰਵਾ ਲੱਖੜਾ, ਆਈ.ਏ.ਐਸ | ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ |
| 9 | ਸ੍ਰੀਮਤੀ ਸੁਰਿੰਦਰ ਕੌਰ ਵੜੈਚ | ਇਨਕਮ ਟੈਕਸ ਐਡਵਾਈਜ਼ਰ, ਵਿੱਤ ਵਿਭਾਗ, ਪੰਜਾਬ |
| 10 | ਸ੍ਰੀ ਮੋਹਨ ਲਾਲ ਸ਼ਰਮਾ | ਆਰਥਿਕ ਸਲਾਹਕਾਰ, ਪੰਜਾਬ |
| 11 | ਸ੍ਰੀ ਬਲਵੰਤ ਸਿੰਘ | ਡਾਇਰੈਕਟਰ, ਯੋਜਨਾਬੰਦੀ ਵਿਭਾਗ |
| 12 | ਡਾ. ਵਿਨੈ ਮੋਹਨ | ਜੁਆਇੰਟ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਪੰਜਾਬ |
| 13 | ਡਾ. ਨਿਤਿਨ ਕੁਮਾਰ, | ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਪੰਜਾਬ |
| 14 | ਸ੍ਰੀ ਨਵਨੀਤ ਕੁਕਰੇਜਾ | ਡਿਪਟੀ ਡਾਇਰੈਕਟਰ, ਜਨਰਲ, ਐਨ.ਆਈ.ਸੀ. |
| 15 | ਸ੍ਰੀ ਬੀ.ਐਸ.ਸੈਣੀ | ਏ.ਐਸ.ਆਈ.ਓ. ਅਤੇ ਸੀਨੀਅਰ ਟੈਕਨੀਕਲ ਡਾਇਰੈਕਟਰ,ਐਨ.ਆਈ.ਸੀ. |
| 16 | ਸ੍ਰੀ ਅਨਿਲ ਡੋਗਰਾ | ਪੀ.ਐਸ.ਏ., ਐਨ.ਆਈ.ਸੀ. |
| 17 | ਸ੍ਰੀਮਤੀ ਅਨੁਪਮ | ਡਿਪਟੀ ਡਾਇਰੈਕਟਰ, ਯੋਜਨਾਬੰਦੀ ਵਿਭਾਗ |
| 18 | ਮਿਸ ਸ਼ਾਮਲੀ | ਯੰਗ ਪ੍ਰੋਫੈਸ਼ਨਲ, ਯੋਜਨਾਬੰਦੀ ਵਿਭਾਗ |